**OFFICE OF EXECUTIVE ENGINEER, ESTATE**
**PATIALA CANAL CIRCLE, PATIALA**
**DEPARTMENT OF WATER RESOURCES PUNJAB**
**(email id- xenestateibpatiala@gmail.com)**

## ਨੋਟਿਸ ਬੋਲੀ

ਮਾਨਯੋਗ ਪ੍ਰਮੁੱਖ ਸਕੱਤਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੁਆਰਾ ਜਾਰੀ ਨੋਟਿਫਿਕੇਸ਼ਨ ਨੰਬਰ –WR-1WR04/11/2022-IW3/1/412032/2022 Dated 22-08-2022 ਅਤੇ WR-IRWR04/11/2022-IW3/2078 ਮਿਤੀ 13-06-2024 ਰਾਹੀਂ ਜਲ ਸਰੋਤ ਵਿਭਾਗ ਅਧੀਨ ਆਉਂਦੀਆਂ ਜਮੀਨਾਂ ਨੂੰ ਮੱਛੀ ਪਾਲਣ ਲਈ ਸੱਤ ਸਾਲ ਲੀਜ ਤੇ ਦੇਣ ਲਈ ਖੁੱਲ੍ਹੀ ਬੋਲੀ ਰਾਹੀਂ ਲੀਜ ਤੇ ਦੇਣਾ ਹੈ। ਇਸ ਲਈ ਆਮ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਹੇਠਾ ਦਰਸਾਈ ਜਗਾਂ ਤੇ ਨਿਸ਼ਚਿਤ ਸਮੇਂ ਤੇ ਆ ਕੇ ਜਲ ਸਰੋਤ ਵਿਭਾਗ ਦੀਆਂ ਜਮੀਨਾਂ ਨੂੰ ਖੁਲੀ ਬੋਲੀ ਰਾਹੀਂ ਲੀਜ ਤੇ ਲੈ ਸਕਦੇ ਹਨ। ਜੇਕਰ ਇਸ ਮਿਤੀ ਨੂੰ ਸਰਕਾਰੀ ਛੁੱਟੀ ਹੋ ਜਾਂਦੀ ਹੈ ਜਾਂ ਕਿਸੇ ਅਣਸੁਖਾਵੀ ਘਟਨਾਂ ਕਾਰਨ ਬੋਲੀ ਨਹੀਂ ਹੋ ਪਾਉਂਦੀ ਤਾਂ ਇਸ ਸਬੰਧੀ ਬੋਲੀ ਦੀ ਮਿਤੀ ਅੱਗੇ ਨਿਸ਼ਚਿਤ ਕੀਤੀ ਜਾਵੇਗੀ। ਬੋਲੀ ਦੇਣ ਵਾਲੇ ਚਾਹਵਾਨਾ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਉਹ ਨਿਸਚਿਤ ਸਥਾਨ ਤੇ ਪਹੁੰਚ ਕੇ ਲਾਭ ਉਠਾਉਣ। ਬੋਲੀ ਕਰਵਾਉਣ ਦੀ ਮਿਤੀ ਦਿਨ ਅਤੇ ਸਮਾਂ ਹੇਠ ਲਿਖੇ ਅਨੁਸਾਰ ਹੈ :-

- **ਮੱਛੀ ਪਾਲਣ ਲਈ ਸੱਤ ਸਾਲ ਲਈ ਲੀਜ ਤੇ ਦੇਣ ਜਾਣ ਵਾਲੀਆਂ ਜਮੀਨਾਂ ਦਾ ਵੇਰਵਾ :-**

| ਲੜੀ ਨੰ. | ਜਮੀਨ ਦਾ ਵੇਰਵਾ | ਜਿਲ੍ਹਾ | ਤਹਿਸੀਲ | ਜਮੀਨ ਦਾ ਏਰੀਆ (ਪ੍ਰਤੀ ਏਕੜ) | ਫਿਕਸ ਰਿਜਰਵ ਰਕਮ (ਸਾਲਾਨਾ) | ਸਕਿਊਰਟੀ ਰਕਮ (10% ਰਿਜਰਵ ਰਕਮ) | ਬੋਲੀ ਦਾ ਨਿਸਚਿਤ ਸਥਾਨ ਸਮਾ ਅਤੇ ਮਿਤੀ |
|---|---|---|---|---|---|---|---|
| 1 | ਰੈਸਟ ਹਾਊਸ ਕੋਟੜਾ, ਲਹਿਲ ਪਿੰਡ ਕੋਟੜਾ। | ਸੰਗਰੂਰ | ਲਹਿਰਾ | 2.4 | 20000 ਰੁਪਏ ਪ੍ਰਤੀ ਏਕੜ | 2000 | ਉਪ ਮੰਡਲ ਦਫਤਰ, ਦਿਆਲਪੁਰਾ, ਸੰਗਤੀਵਾਲਾ ਸਮਾਂ ਸਵੇਰੇ 11:00 ਵਜੇ, ਮਿਤੀ 12-12-2024 |

ਸ਼ਰਤਾਂ :-

1. ਮੱਛੀ ਪਾਲਣ ਵਾਸਤੇ ਜਮੀਨ ਸੱਤ ਸਾਲ ਲਈ ਲੀਜ ਤੇ ਦਿੱਤੀ ਜਾਵੇਗੀ ਅਤੇ ਇਹਨਾਂ ਜਮੀਨਾਂ ਦੀ ਸਫਲ ਬੋਲੀ ਰਕਮ ਦੀ ਦਰ ਵਿੱਚ ਹਰ ਸਾਲ ਪਿਛਲੇ ਸਾਲ ਦੀ ਰਕਮ ਤੋਂ 5% ਦਾ ਵਾਧਾ ਕੀਤਾ ਜਾਵੇਗਾ।
2. ਹਰ ਬੋਲੀਕਾਰ ਨੂੰ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਕੀਮਤ ਨਿਰਧਾਰਨ ਕਮੇਟੀ ਦੁਆਰਾ ਨਿਰਧਾਰਤ ਕੀਤੀ ਗਈ ਘੱਟੋ-ਘੱਟ ਸੁਰੱਖਿਆ ਰਕਮ ਜੋ ਉਪਰ ਦਿੱਤੇ ਟੇਬਲ ਦੁਕਾਨਾ ਅਨੁਸਾਰ ਦੱਸੀ ਗਈ ਹੈ ਕੈਸ਼ ਦੇ ਤੋਰ ਤੇ ਜਮ੍ਹਾਂ ਕਰਾਉਣੀ ਪਾਉਗੀ। ਇਹ ਰਕਮ ਸਭ ਤੋਂ ਵੱਧ ਬੋਲੀ ਦੇਣ ਵਾਲੇ ਸਫਲ ਬੋਲੀਕਾਰ ਨੂੰ ਛੱਡ ਕੇ ਬਾਕੀ ਸਾਰੇ ਬੋਲੀਕਾਰਾਂ ਨੂੰ ਵਾਪਿਸ ਕਰ ਦਿੱਤੀ ਜਾਵੇਗੀ। ਸਭ ਤੋਂ ਵੱਧ ਬੋਲੀ ਲਾਉਣ ਵਾਲੇ ਬੋਲੀਕਾਰ ਵਲੋਂ ਜਮਾਂ ਕੀਤੀ ਗਈ ਸੁਰੱਖਿਆ ਰਕਮ ਨੂੰ ਬੋਲੀ ਦੀ ਰਕਮ ਵਿੱਚ ਅਡਜਸ਼ਟ ਕਰ ਲਿਆ ਜਾਵੇਗਾ।
3. ਜਿਹੜੀ ਜਮੀਨ ਤੇ ਪੋਡ ਬਨਾਉਣ ਵਾਸਤੇ ਮੱਛੀ ਪਾਲਣ ਲਈ ਮਿੱਟੀ ਪੁੱਟੀ ਜਾਣੀ ਹੈ ਠੇਕੇਦਾਰ ਵੱਲੋਂ ਆਪਣੇ ਪੱਧਰ ਤੇ ਮਿੱਟੀ ਪੁਟਾਈ ਜਾਵੇਗੀ ਅਤੇ ਉਹ ਵਿਭਾਗ ਦੀ ਬਿਨ੍ਹਾ ਮੰਨਜੂਰੀ ਤੋ ਰੈਸਟ ਹਾਊਸ ਤੋਂ ਬਾਹਰ ਨਹੀ ਜਾਵੇਗੀ।
4. ਸਫਲ ਬੋਲੀਕਾਰ, ਬੋਲੀ ਪ੍ਰਕਿਰਿਆ ਦੇ ਸਮਾਪਤ ਹੋਣ ਤੇ ਬੋਲੀ ਦੀ 20 % ਰਕਮ Cash/Demand Draft ਦੇ ਰੂਪ ਵਿਚ ਮੌਕੇ ਤੇ ਜਾਂ 2 ਘੰਟੇ ਦੇ ਸਮੇਂ ਅੰਦਰ ਜਮ੍ਹਾਂ ਕਰਵਾਏਗਾ। ਅਜਿਹਾ ਕਰਨ ਵਿਚ ਅਸਫਲ ਰਹਿਣ ਦੀ ਸਥੀਤੀ ਵਿਚ ਬੋਲੀ ਦੀ ਪ੍ਰਕਿਰਿਆ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਫਲ ਬੋਲੀਕਾਰ ਬੋਲੀ ਦੀ ਰਕਮ ਜਮ੍ਹਾਂ ਨਹੀਂ ਕਰਵਾ ਦਿੰਦਾ।
5. ਸਫਲ ਬੋਲੀਕਾਰ ਨੂੰ ਬੋਲੀ ਦੀ ਕੁੱਲ ਰਕਮ ਦਾ 20 ਪ੍ਰਤੀਸ਼ਤ ਰਕਮ ਉਸੀ ਸਮੇਂ ਜਾਂ 2 ਘੰਟੇ ਅੰਦਰ ਜਮਾਂ ਕਰਵਾਉਣੀ ਪਵੇਗੀ ਅਤੇ ਬੋਲੀ ਦੀ ਬਾਕੀ ਰਕਮ ਮੰਨਜੂਰੀ ਤੋਂ ਬਾਅਦ ਇੱਕ ਹਫਤੇ ਦੇ ਅੰਦਰ ਅੰਦਰ ਜਮਾਂ ਕਰਵਾਉਣੀ ਯਕੀਨੀ ਹੋਵੇਗੀ। ਅਜਿਹਾ ਨਾ ਕਾਰਨ ਦੀ ਸੂਰਤ ਵਿੱਚ ਬੋਲੀਕਾਰ ਨੂੰ ਵਿਭਾਗ ਦੀਆਂ ਬੋਲੀਆਂ ਵਿੱਚ ਹਿੱਸਾ ਲੈਣ ਤੋ ਡੀਬਾਰ ਕਰ ਦਿੱਤਾ ਜਾਵੇਗਾ।
6. ਬੋਲੀ ਮੰਨਜੂਰ ਕਰਨ ਦਾ ਹੱਕ ਵਿਭਾਗ ਕੋਲ ਰਾਖਵਾ ਹੋਵੇਗਾ।
7. ਸਫਲ ਬੋਲੀਕਾਰ ਨੂੰ ਜਮੀਨ ਤੇ ਕਿਸੇ ਤਰਾਂ ਦਾ ਬਦਲਾਅ ਕੱਚੇ, ਪੱਕੇ ਸਟਰਕਚਰ ਦੀ ਉਸਾਰੀ ਕਰਨ ਜਾਂ ਦਰਖਤ ਆਦਿ ਨੂੰ ਪੱਟਣ ਦੀਆ ਮਨਾਹੀਂ ਹੋਵੇਗੀ। ਜੇਕਰ ਜਮੀਨ ਵਿੱਚ ਕਿਸੇ ਤਰ੍ਹਾ ਦਾ ਬਦਲਾਅ ਕਰਨ ਦੀ ਜਰੂਰਤ ਜਾਪਦੀ ਹੈ ਤਾ ਸਫਲ ਬੋਲੀਕਾਰ ਵੱਲੋਂ ਇਸ ਸਬੰਧੀ ਮੰਨਜੂਰੀ ਵਿਭਾਗ ਪਾਸੋ ਲੈਣੀ ਪਵੇਗੀ।
8. ਸਫਲ ਬੋਲੀਕਾਰ ਨੂੰ ਗਿਰਦਾਵਰੀ ਵਿੱਚ ਆਪਣੇ ਨਾਮ ਤੇ ਜਮੀਨ ਪਵਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ
9. ਸਫ਼ਲ ਬੋਲੀਕਾਰ ਨੂੰ ਬੋਲੀ ਮੰਨਜੂਰ ਹੋਣ ਉਪਰੰਤ ਵਿਭਾਗ ਨਾਲ ਇਕਰਾਰ ਕਰਨਾ ਪਵੇਗਾ।

ਕਾਰਜਕਾਰੀ ਇੰਜੀਨੀਅਰ/ਅਸਟੇਟ
ਨਹਿਰ ਹਲਕਾ ਪਟਿਆਲਾ,
ਜਲ ਸਰੋਤ ਵਿਭਾਗ,ਪੰਜਾਬ।

ਪਿੱਠ ਅੰਕਣ ਨੰਬਰ : 950-62 /5 -ਆਰ ਮਿਤੀ: 28-11-2024

ਉਪਰੋਕਤ ਦਾ ਉਤਾਰਾ ਆਮ ਜਨਤਾ ਨੂੰ ਸੂਚਨਾਂ ਅਤੇ ਬੋਲੀ ਦੇਣ ਲਈ ਹੇਠ ਲਿਖਤ ਨੂੰ ਭੇਜਿਆ ਜਾਂਦਾ ਹੈ-

1. ਨਿਗਰਾਨ ਇੰਜੀਨੀਅਰ,ਪਟਿਆਲਾ ਨਹਿਰ ਹਲਕਾ ਜਲ ਸਰੋਤ ਵਿਭਾਗ, ਪੰਜਾਬ ਪਟਿਆਲਾ।
2. ਨਿਗਰਾਨ ਇੰਜੀਨੀਅਰ, ਭਾਖੜਾ ਮੇਨ ਲਾਇਨ ਹਲਕਾ ਪਟਿਆਲਾ।
3. ਕਾਰਜਕਾਰੀ ਇੰਜੀਨੀਅਰ, ਮਾਨਸਾ/ ਬਰਨਾਲਾ/ਸੰਗਰੂਰ ਨਹਿਰ ਅਤੇ ਗਰਾਊਂਡ ਵਾਟਰ ਮੰਡਲ।
4. ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਮੰਡਲ ਨੂੰ ਲਿਖਿਆ ਜਾਦਾ ਹੈ ਕਿ ਕਾਪੀ ਨੋਟਿਸ ਬੋਰਡ ਤੇ ਲਗਾਈ ਜਾਵੇ।
5. ਡਿਪਟੀ ਕਮਿਸ਼ਨਰ, ਪਟਿਆਲਾ/ਸੰਗਰੂਰ/ਮਾਨਸਾ/ਬਰਨਾਲਾ।
6. ਕਾਰਜਕਾਰੀ ਇੰਜੀਨੀਅਰ ਮੁੱਖ ਦਫਤਰ ਚੰਡੀਗੜ੍ਹ ਜੀ ਨੂੰ ਬੋਲੀ ਨੋਟਿਸ ਨੂੰ ਆਈ.ਟੀ https://irrigation.punjab.gov.in ਦੀ ਵੈਬ ਸਾਈਟ ਤੇ ਅਪਲੋਡ ਕਰਨ ਲਈ ਲਿਖਿਆ ਜਾਦਾ ਹੈ
7. ਸਮੂਹ ਉਪ ਮੰਡਲ ਅਫਸਰ, ਨਹਿਰ ਹਲਕਾ ਨੂੰ ਭੇਜ ਕੇ ਲਿਖਿਆ ਜਾਦਾ ਹੈ ਕਿ ਇਸ ਸਬੰਧਤ ਇਤਲਾਹ ਕੀਤੀ ਜਾਵੇ।
8. ਆਮ ਜਨਤਾ ਲਈ ਨੋਟਿਸ ਬੋਰਡ।

ਕਾਰਜਕਾਰੀ ਇੰਜੀਨੀਅਰ/ਅਸਟੇਟ
ਨਹਿਰ ਹਲਕਾ ਪਟਿਆਲਾ,
ਜਲ ਸਰੋਤ ਵਿਭਾਗ,ਪੰਜਾਬ।